

## ਤਰਲ ਪਦਾਰਥ ਡੁੱਲਣ ਤੋਂ ਬਚਾਉਣੇ

- ਜੇਕਰ ਖ਼ਤਰਨਾਕ ਪਦਾਰਥ ਡੁੱਲ ਜਾਂਦੇ ਹਨ ਤਾਂ ਉਹਨਾਂ ਨੂੰ ਤੁਰੰਤ ਸਾਫ਼ ਕਰੋ।ਅਜਿਹੇ ਪਦਾਰਥਾਂ ਨੂੰ ਮੀਂਹ ਦੇ ਨਾਲਿਆਂ ਵਿੱਚ ਜਾਣ ਤੋਂ ਰੋਕਣਾ ਚਾਹੀਦਾ ਹੈ।
- ਤੇਲ ਡੁੱਲਣ ਦੀ ਹਾਲਤ ਨਾਲ ਨਜਿੱਠਣ ਲਈ ਤਿਆਰ ਰਹੋ।ਇੱਕ ਅਜਿਹੀ ਕਿੱਟ ਤਿਆਰ ਕਰੋ ਜਿਸ ਵਿੱਚ ਤੇਲ ਨੂੰ ਚੂਸਣ ਵਾਲੀਆਂ ਚੀਜ਼ਾਂ ਹੋਣ, ਆਪਣੇ ਕੰਮ ‘ਤੇ ਵਰਤਣ ਵਾਲੀਆਂ ਯੋਗ ਚੀਜ਼ਾਂ ਵਰਤੋ। ਆਪਣੇ ਕਰਮਚਾਰੀਆਂ ਨੂੰ ਵੀ ਡੁੱਲੇ ਤੇਲ ਨੂੰ ਸਾਂਭਣ ਦੀ ਸਿਖਲਾਈ ਦਿਓ।
- ਆਪਣੇ ਕਰਮਚਾਰੀਆਂ ਨੂੰ ਕੰਮ ਕਰਨ ਦੇ ਸਹੀ ਤਰੀਕਿਆਂ ਦੀ ਸਿਖਲਾਈ ਦਿਓ।ਉਹਨਾਂ ਨੂੰ ਨਾਲਿਆਂ ਦੇ ਪਾਣੀ ‘ਤੇ ਲੱਗੀਆਂ ਪਾਬੰਦੀਆਂ ਅਤੇ ਸ਼ਰਤਾਂ ਬਾਰੇ ਦੱਸੋ। ਇਸ ਗੱਲ ਨੂੰ ਯਕੀਨੀ ਬਣਾਓ ਕਿ ਸਾਰੇ ਕਰਮਚਾਰੀ ਨਾਲਿਆਂ ਦੇ ਪਾਣੀ ਨੂੰ ਸਾਫ਼ ਰੱਖਣ ਲਈ ਆਪਣੀ ਜ਼ਿੰਮੇਵਾਰੀ ਨੂੰ ਸਮਝਦੇ ਹੋਣ।

ਕਿਸੇ ਹਾਦਸੇ ਕਾਰਣ ਤੇਲ ਡੁੱਲਣ ਦੀ ਹਾਲਤ ਵਿੱਚ ਤੁਰੰਤ ਪ੍ਰੋਵਿੰਸ਼ੀਅਲ ਐਮਰਜੈਂਸੀ ਪ੍ਰੋਗਰਾਮ (ਫਓਫ) ਨੂੰ 1.800.663.3456 ‘ਤੇ ਫੋਨ ਕਰੋ। ਪਰ ਜੇਕਰ ਤੇਲ ਅੱਗ ਲਗੱਣ ਯੋਗ, ਜ਼ਹਿਰੀਲਾ, ਖਾਰਾ ਜਾਂ ਖ਼ਤਰਨਾਕ ਹੈ ਤਾਂ ਤੁਰੰਤ ਸਰੀ ਫਾਇਰ ਡਿਪਾਰਟਮੈਂਟ ਨੂੰ 911 ‘ਤੇ ਫੋਨ ਕਰੋ।

ਜੇਕਰ ਕੋਈ ਵੀ ਵਿਅਕਤੀ ਮੀਂਹ ਦੇ ਨਾਲਿਆਂ ਨੂੰ ਗੰਦਾ ਕਰਦੇ ਹਨ, ਉਹਨਾਂ ‘ਤੇ ਵਾਤਾਵਰਣ ਸੰਬੰਧੀ ਇਹਨਾਂ ਕਾਨੂੰਨਾਂ ਅਧੀਨ ਕਾਰਵਾਈ ਕੀਤੀ ਜਾ ਸਕਦੀ ਹੈ:

- ਫੈਡਰਲ ਫਿਸ਼ਰੀਜ਼ ਐਕਟ
- ਬੀਸੀ ਹੈਜ਼ਰਡਸ ਵੇਸਟ ਰੈਗੁਲੇਸ਼ਨ
- ਬੀਸੀ ਐਨਵਾਇਰਮੈਂਟਲ ਮੈਨੇਜਮੈਂਟ ਐਕਟ
- ਸਰੀ ਬਾਇਲਾਅ ਨੰਬਰ16610



ਮੀਂਹ ਦੇ ਨਾਲਿਆਂ ‘ਤੇ ਲੱਗੇ ਨਿਸ਼ਾਨ ਸਾਨੂੰ ਯਾਦ ਕਰਵਾਉਂਦੇ ਹਨ ਕਿ ਅਸੀਂ ਸਾਰੇ ਆਪਣੇ ਵਾਤਾਵਰਣ ਨਾਲ ਜੁੜੇ ਹੋਏ ਹਾਂ।

## ਵਧੇਰੇ ਜਾਣਕਾਰੀ ਲਈ

ਆਰਸੀਬੀਸੀ ਰੀਸਾਈਕਲ
ਹੌਟਲਾਈਨ
604.732.9253

ਸਿਟੀ ਆਫ਼ ਸਰੀ
ਪਲੰਬਿੰਗ ਸੈਕਸ਼ਨ
604.591.4245

ਸਿਟੀ ਆਫ਼ ਸਰੀ
ਡਰੇਨੇਜ ਐਂਡ ਐਨਵਾਇਰਨਮੈਂਟ ਸੈਕਸ਼ਨ
604.591.4321

ਮੈਟਰੋ ਵੈਨਕੂਵਰ
ਸੋਰਸ ਕੰਟਰੋਲ
604.436.6777

ਸਰੀ ਫਾਇਰ ਡਿਪਾਰਟਮੈਂਟ
604.543.6760

ਜੇਕਰ ਤੁਸੀਂ ਕਿਸੇ ਨੂੰ ਮੀਂਹ ਦੇ ਨਾਲਿਆਂ ਵਿਚ ਤੇਲ ਜਾਂ ਰਸਾਇਣ ਪਾਉਂਦੇ ਵੇਖਦੇ ਹੋ ਤਾਂ ਕ੍ਰਿਪਾ ਕਰਕੇ ਸਿਟੀ ਆਫ਼ ਸਰੀ ਦੇ ਇੰਜਨੀਅਰਿੰਗ ਵਿਭਾਗ ਨੂੰ 604-590-7226 ਅਤੇ 4:30 ਤੋਂ ਬਾਅਦ 604-591-4431 ‘ਤੇ ਸੰਪਰਕ ਕਰੋ।

09272

www.surrey.ca

CITY OF SURREY

# ਗੱਡੀਆਂ ਧੋਣੀਆਂ

### ਮੀਂਹ ਦੇ ਨਾਲਿਆਂ ਦਾ ਪ੍ਰਦੂਸ਼ਣ ਰੋਕ ਕੇ ਆਪਣੇ ਪਾਣੀ ਦੇ ਜੀਆਂ ਦੀ ਰੱਖਿਆ ਕਰੋ





# ਗੱਡੀਆਂ ਧੋਣੀਆਂ

ਕਾਰਾਂ, ਟਰੱਕਾਂ ਅਤੇ ਹੋਰ ਮਸ਼ੀਨਰੀਆਂ ਨੂੰ ਲਿਸ਼ਕਾਉਣ, ਸਾਫ਼ ਕਰਨ ਅਤੇ ਸੁਗੰਧਤ ਬਣਾਉਣ ਲਈ  ਲਈ ਉਹਨਾਂ ਨੂੰ ਧੋਣ ਅਤੇ ਸਟੀਮ ਕਰਨ ਲਈ ਕਈ ਤਰ੍ਹਾਂ ਦੇ ਪਦਾਰਥਾਂ ਦੀ ਵਰਤੋ ਕਰਨੀ ਪੈਂਦੀ ਹੈ। ਇਸ ਗੰਦੇ ਪਾਣੀ ਮੈਲ,ਤੇਜ਼ਾਬ, ਰਸਾਇਣ, ਸਾਬਣ, ਤੇਲ, ਗਰੀਸ ਅਤੇ ਕਈ ਤਰ੍ਹਾਂ ਦੇ ਵੱਧ ਪੀ ਐਚ ਪੱਧਰ ਦੀ ਗੰਦਗੀ ਹੋ ਸਕਦੀ ਹੈ, ਜਿਹੜੀ ਸਾਡੇ ਵਾਤਾਵਰਣ ਲਈ ਹਾਨੀਕਾਰਕ ਹੋ ਸਕਦੀ ਹੈ। ਸਰੀ ਦੇ ਮੀਂਹ ਦੇ ਨਾਲਿਆਂ ਦਾ ਪਾਣੀ ਬਿਨਾਂ ਕਿਸੇ ਪ੍ਰਦੂਸ਼ਣ ਦੇ ਇੱਥੋਂ ਦੀਆਂ ਸਥਾਨਕ ਨਦੀਆਂ ਅਤੇ ਨਾਲਿਆਂ ਵਿੱਚ ਜਾ ਕੇ ਰਲਦਾ ਹੈ।ਸਰੀ ਵਿੱਚ ਲਗਭਗ 1500 ਕਿਲੋਮੀਟਰ ਲੰਬੀਆਂ ਨਦੀਆਂ ਅਤੇ ਨਾਲੇ ਹਨ। ਇਹ ਨਦੀਆਂ ਇੱਕ ਵਿਸ਼ੇਸ਼ ਕਿਸਮ ਦੇ ਪਾਣੀ ਦੇ ਸੋਮੇ ਹਨ ਜਿਹੜੇ ਸੈਮਨ, ਟਰਾਉਟ ਅਤੇ ਪਾਣੀ ਦੇ ਦੂਜੇ ਜੀਵਾਂ ਲਈ ਕੁਦਰਤੀ ਸਹਾਰਾ ਹਨ।

ਗੱਡੀਆਂ ਦੇ ਮਾਲਕਾਂ ਜਾਂ ਗੱਡੀਆਂ ਧੋਣ ਦਾ ਕੰਮ ਕਰਨ ਵਾਲੇ ਵਾਤਾਵਰਣ ਨੂੰ ਸਾਫ਼ ਰੱਖਣ ਵਿੱਚ ਇੱਕ ਵੱਡਾ ਰੋਲ ਅਦਾ ਕਰਦੇ ਹਨ। ਗੱਡੀਆਂ ਨੂੰ ਧੋਣ ਲੱਗੇ ਪ੍ਰਦੂਸ਼ਣ ਦੋ ਤਰ੍ਹਾਂ ਫੈਲਦਾ ਹੈ, ਇੱਕ ਤਾਂ ਧੋਣ ਲਈ ਵਰਤੇ ਸਾਬਣ ਆਦਿ, ਦੂਜੇ ਗੱਡੀਆਂ ਤੋਂ ਵਗੇ ਤੇਲ ਅਤੇ ਮੂਲ ਤੋਂ। ਭਾਵੇਂ ਦੇਖਣ ਨੂੰ ਲੱਗਦਾ ਹੈ ਕਿ ਇੱਕ ਸਾਡੀ ਗੱਡੀ ਨਾਲ ਕਿੰਨਾ ਕੁ ਪ੍ਰਦੂਸ਼ਣ ਫੈਲ ਦਕਦਾ ਹੈ, ਪਰ ਜੇਕਰ ਅਸੀਂ ਸਾਰੇ ਬਿਜ਼ਨਿਸਾਂ ਅਤੇ ਘਰਾਂ ਦੀਆਂ ਗੱਡੀਆਂ ਨੂੰ ਰਲਾ ਕੇ ਵੇਖੀਏ ਤਾਂ ਸਾਡੀਆਂ ਸਥਾਨਕ ਨਦੀਆਂ ਨੂੰ ਵੱਡਾ ਨੁਕਸਾਨ ਹੋ ਸਕਦਾ ਹੈ।

## ਕੰਮ ਕਰਨ ਦੇ ਸਹੀ ਢੰਗ

ਮੀਂਹ ਦੇ ਨਾਲਿਆਂ ਤੇ ਅਖੀਰ ਆਪਣੀਆਂ ਨਦੀਆਂ ਦੇ ਪਾਣੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਕ੍ਰਿਪਾ ਕਰਕੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੋ:

- ਵੱਡੀਆਂ ਕੰਪਨੀਆਂ ਜਾਂ ਵਪਾਰਕ ਕੰਮਾਂ ਲਈ ਗੱਡੀਆਂ ਧੋਣ ਦੀ ਇੱਕ ਖ਼ਾਸ ਥਾਂ ਬਣਾਓ, ਧੋਣ ਵਾਲੀ ਥਾਂ ਦੇ ਦੁਆਲੇ ਇੱਕ ਬੰਨ੍ਹੀ ਬਣੀ ਹੋਵੇ ਜਿੱਥੋਂ ਗੰਦਾ ਪਾਣੀ ਸੀਵਰੇਜ ਨਾਲ ਜੁੜੇ ਨਾਲੇ ਵਿੱਚ ਜਾਵੇ ਜਾਂ ਫੇਰ ਇੱਕ ਅਜਿਹੇ ਟੈਂਕ ਵਿੱਚ ਜਮ੍ਹਾਂ ਹੋਵੇ ਜਿੱਥੋਂ ਗੰਦਾ ਪਾਣੀ ਚੁੱਕਣ ਵਾਲੀ ਕੰਪਨੀ ਉਸ ਟੈਂਕ ਨੂੰ ਲੈ ਜਾਵੇ।
- ਗੰਦਾ ਪਾਣੀ ਟੈਂਕ ਜਾਂ ਸੀਵਰੇਜ ਵਿੱਚ ਜਾਣ ਤੋਂ ਪਹਿਲਾਂ, ਪਾਣੀ ਅਤੇ ਤੇਲ ਨੂੰ ਵੱਖ ਕਰਨ ਅਤੇ ਮੈਲ ਨੂੰ ਛਾਣਨ ਲਈ ਇੱਕ ਜੰਤਰ ਲਾਓ। ਇਸ ਜੰਤਰ ਦੀ ਨਿਯਮਤ ਤੌਰ 'ਤੇ ਸਫ਼ਾਈ ਕਰੋ।
- ਮੀਂਹ ਦੇ ਪਾਣੀ ਨੂੰ ਗੱਡੀਆਂ ਧੋਣ ਵਾਲੀ ਥਾਂ 'ਤੇ ਡਿੱਗਣ ਤੋਂ ਬਣਾਉਣ ਲਈ  ਉਸ ਥਾਂ 'ਤੇ ਆਰਜ਼ੀ ਜਾਂ ਪੱਕੀ ਛੱਤ ਬਣਾਓ।
- ਘਰ ਵਿੱਚ ਗੱਡੀਆਂ ਧੋਣ ਲਈ ਘਾਹ ਜਾਂ ਪੱਕੀ  ਥਾਂ 'ਤੇ ਗੱਡੀਆਂ ਧੋਵੋ।ਜੇਕਰ ਗੱਡੀ ਸੜਕ ਦੇ ਕੰਢੇ 'ਤੇ ਧੋਂਦੇ ਹੋ ਤਾਂ ਧਿਆਨ ਰੱਖੋ ਕਿ ਗੰਦਾ ਪਾਣੀ ਮੀਂਹ ਦੇ ਨਾਲਿਆਂ ਵਿੱਚ ਜਾਣ ਦੀ ਥਾਂ 'ਤੇ ਘਾਹ ਜਾਂ ਰੋੜੀਂ 'ਤੇ ਜਾਵੇ।
- ਕੁਦਰਤੀ ਢੰਗ ਜਾਂ ਫਾਸਫੇਟ ਤੋਂ ਬਿਨਾਂ ਬਣੇ ਸਾਬਣ ਵਰਤਣਾ ਚੰਗੀ ਗੱਲ ਹੈ, ਪਰ ਇਹਨਾਂ ਦਾ ਗੰਦਾ ਪਾਣੀ ਵੀ ਮੀਂਹ ਦੇ ਨਾਲਿਆਂ ਵਿੱਚ ਨਹੀਂ ਪੈਣ ਦੇਣਾ ਚਾਹੀਦਾ।
- ਰੇਡੀਏਟਰ ਨੂੰ ਧੋਣ, ਇੰਜਣ  ਨੂੰ ਭਾਫ਼ ਨਾਲ ਸਾਫ਼ ਕਰਨ, ਪੁਰਜ਼ਿਆਂ ਨੂੰ ਧੋਣ ਜਾਂ ਪਰੈਸ਼ਰ ਨਾਲ ਧੋਣ ਨਾਲ ਕਈ ਤਰ੍ਹਾਂ ਦੇ ਮੈਲ, ਤੇਲ ਅਤੇ ਗਰੀਸ ਨਿਕਲਦੀ ਹੈ, ਇਸ ਗੰਦੇ ਪਾਣੀ ਨੂੰ ਅਜਿਹੇ ਮਨਜ਼ੂਰਸ਼ੁਦਾ ਸੀਵਰੇਜ ਵਿੱਚ ਸੁੱਟਣਾ ਚਾਹੀਦਾ ਹੈ ਜਿੱਥੇ ਉਸਦਾ ਮੀਂਹ ਦੇ ਨ੍ਹਾਲਿਆਂ ਵਿੱਚ ਰਲਣ ਦਾ ਖ਼ਤਰਾ ਨਾ ਹੋਵੇ।
- ਗੱਡੀਆਂ, ਸੰਦ ਅਤੇ ਮਸ਼ੀਨਰੀ ਅਜਿਹੀ ਥਾਂ 'ਤੇ ਨਹੀਂ  ਧੋਣੇ ਚਾਹੀਦੇ ਜਿੱਥੋਂ ਗੰਦਾ ਪਾਣੀ ਸਿੱਧਾ ਮੀਂਹ ਦੇ ਨਾਲਿਆਂ ਵਿੱਚ ਜਾਵੇ।
- ਸਾਫ਼, ਸੁਗੰਧਤ ਅਤੇ ਪਾਲਿਸ਼ ਕਰਨ ਲਈ ਪਾਣੀ ਵਿੱਚ ਘੁਲਣ ਵਾਲੇ ਪਦਾਰਥ ਸੁਰੱਖਿਅਤ ਅਤੇ ਬੰਨ੍ਹ ਵਾਲੀ ਥਾਂ 'ਤੇ ਰੱਖਣੇ ਚਾਹੀਦੇ ਹਨ ਤਾਂ ਜੋ ਡੁੱਲਣ 'ਤੇ ਉਹ ਸਿੱਧੇ ਮੀਂਹ ਦੇ ਨਾਲਿਆਂ ਵਿੱਚ ਨਾ ਰਲ ਜਾਣ।
- ਸਾਫ਼, ਸੁਗੰਧਤ ਅਤੇ ਪਾਲਿਸ਼ ਕਰਨ ਦੇ ਪੁਰਾਣੇ ਰਸਾਇਣਾਂ ਨੂੰ ਖ਼ਾਸ ਥਾਂ 'ਤੇ ਸੁੱਟਣਾ  ਚਾਹੀਦਾ ਹੈ। ਇਸ ਕੰਮ ਲਈ ਉਤਪਾਦਕ ਦੀਆਂ ਹਿਦਾਇਤਾਂ ਦਾ ਪਾਲਣ ਕਰੋ ਜਾਂ ਆਰਸੀਬੀਸੀ ਰੀਸ-ਾਈਕਲਿੰਗ ਹੌਟਲਾਈਨ ਨਾਲ ਸੰਪਰਕ ਕਰੋ।

